# ਪੰਜਾਬ ਸਰਕਾਰ
## ਮੈਡੀਕਲ ਸਿਖਿਆ ਅਤੇ ਖੋਜ ਵਿਭਾਗ
### (ਸਿਹਤ–3 ਸਾਖਾ)

**ਨੋਟੀਫਿਕੇਸ਼ਨ**

ਨੰਬਰ : 5/17/2014–2ਸਸ3/ 3397 ਮਿਤੀ, ਚੰਡੀਗੜ੍ਹ : 2-6-2014.

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ "Pre-conception and Pre-natal Diagnostic Techniques (Prohibition and Sex Selection) Act-1994 Amended Rules 2014" ਅਧੀਨ ਮਨਿਸਟਰੀ ਆਫ ਹੈਲਥ ਐਂਡ ਫੈਮਲੀ ਵੈਲਫੇਅਰ ਭਾਰਤ ਸਰਕਾਰ, ਨਵੀਂ ਦਿੱਲੀ ਵਲੋਂ ਜਾਰੀ ਨੋਟੀਫਿਕੇਸਨ ਨੰਬਰ : 24026/60/2008–PNDT ਮਿਤੀ 09 ਜਨਵਰੀ, 2014 ਦੀ ਰੋਸਨੀ ਵਿਚ ਰਾਜ ਦੇ ਹੇਠ ਲਿਖੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਐਮ.ਬੀ.ਬੀ.ਐਸ ਡਾਕਟਰਾਂ ਨੂੰ 6 ਮਹੀਨੇ ਦੀ ਅਲਟਰਾਸਾਊਡ ਦੀ ਟਰੇਨਿੰਗ ਦੇਣ ਦੀ ਮਾਨਤਾ ਦਿੰਦੇ ਹਨ: –

ੳ) ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ।

ਅ) ਸਰਕਾਰੀ ਮੈਡੀਕਲ ਕਾਲਜ, ਪਟਿਆਲਾ ।

ਇਹ ਅਲਟਰਾਸਊਡ ਦੀ ਟ੍ਰੇਨਿੰਗ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ ਉੱਤੇ ਦਿੱਤੀ ਜਾਵੇਗੀ: –

(1) ਇਸ ਟ੍ਰੇਨਿੰਗ ਲਈ ਡਾਕਟਰਾਂ ਦੀ ਚੋਣ ਪੋਸਟ ਗ੍ਰੈਜੂਏਟ ਐਂਟਰੈਂਸ ਟੈਸਟ ਦੀ ਮੈਰਿਟ ਦੇ ਅਧਾਰ ਉੱਤੇ ਕੀਤੀ ਜਾਵੇਗੀ ।

(2) ਪੰਜਾਬ ਰਾਜ ਵਿੱਚ ਸਰਕਾਰੀ ਨੌਕਰੀ ਕਰ ਰਹੇ ਪੀ.ਸੀ.ਐਮ.ਐਸ. ਡਾਕਟਰਾਂ ਨੂੰ ਹੀ ਇਹ ਟ੍ਰੇਨਿੰਗ ਦਿੱਤੀ ਜਾਵੇਗੀ ।

(3) ਇਸ ਟ੍ਰੇਨਿੰਗ ਵਿੱਚ ਦਾਖਲਾ ਸਬੰਧਤ ਮੈਡੀਕਲ ਕਾਲਜ ਵਿੱਚ ਟੀਚਰ ਅਤੇ ਟ੍ਰੇਨੀ ਦੀ 1:1 ਦੀ ਰੇਸ਼ੋ ਨਾਲ ਰੇਡੀਓਲੌਜੀ ਵਿਭਾਗ ਵਿੱਚ ਦਿੱਤਾ ਜਾਵੇਗਾ ।

(4) ਇਸ ਟਰੇਨਿੰਗ ਦਾ ਕੋਈ ਵਿੱਤੀ ਲਾਭ ਨਹੀਂ ਦਿੱਤਾ ਜਾਵੇਗਾ ।

ਇਹ ਟ੍ਰੇਨਿੰਗ ਮਿਤੀ 01 ਸਤੰਬਰ, 2014 ਤੋਂ ਸ਼ੁਰੂ ਹੋਵੇਗੀ ।

**ਮਿਤੀ ਚੰਡੀਗੜ੍ਹ:**
30–05–2014

**ਵਿਨੀ ਮਹਾਜਨ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ**

ਪਿੱਠ ਅੰਕਣ ਨੰਬਰ : 5/17/2014–2ਸਸ3/ 3398 ਮਿਤੀ, ਚੰਡੀਗੜ੍ਹ : 2/6/2014.

ਉਤਾਰਾ ਕੰਟਰੋਲਰ, ਛਪਾਈ ਅਤੇ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਪੰਜਾਬ ਸਰਕਾਰ ਦੇ ਗਜਟ (ਆਰਡਨਰੀ) ਵਿੱਚ ਛਪਣ ਲਈ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਦੀਆਂ 50 ਕਾਪੀਆਂ ਰਿਕਾਰਡ ਹਿੱਤ ਇਸ ਵਿਭਾਗ ਨੂੰ ਭੇਜੀਆਂ ਜਾਣ ।

**ਅਧੀਨ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ**

ਪਿੱਠ ਅੰਕਣ ਨੰਬਰ : 5/17/2014–2ਸਸ3/ 3399–3402 ਮਿਤੀ, ਚੰਡੀਗੜ੍ਹ : 2/6/2014.

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆਂ ਜਾਂਦਾ ਹੈ: –

1. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ ।
2. ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ ।
3. ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ, ਫਰੀਦਕੋਟ ।
4. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ / ਅੰਮ੍ਰਿਤਸਰ ।

**ਅਧੀਨ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ**